**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ**
**ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
**ਐਸ.ਸੀ.ਓ ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 ਏ, ਚੰਡੀਗੜ**
**ਫੋਨ ਨੰ: 0172-5015864-865 ਫੈਕਸ: 0172-2624687**

ਵੱਲ:

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਅਤੇ (ਐ.ਸਿ), ਪੰਜਾਬ।
ਸਮੂਹ ਪ੍ਰਾਇਮਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁਖੀ, ਪੰਜਾਬ।

**ਮੀਮੋ ਨੰ: ਸ.ਸ.ਅ/ਏ.ਐੱਸ.ਪੀ.ਡੀ(ਮੀਡੀਆ)/2013/** 6919
**ਮਿਤੀ, ਚੰਡੀਗੜ੍ਹ:** 05.04.2013

**ਵਿਸ਼ਾ: ਅਬਰਾਹਮ ਲਿੰਕਨ ਦੁਆਰਾ ਆਪਣੇ ਪੁੱਤਰ ਦੇ ਅਧਿਆਪਕ ਨੂੰ ਲਿਖੇ ਪੱਤਰ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸਿੱਖਿਆ ਦਾ ਉਦੇਸ਼ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਕਰਨਾ ਹੈ। ਅਕਾਦਮਿਕ ਵਿਕਾਸ ਦੇ ਨਾਲ-ਨਾਲ ਉਹਨਾਂ ਦਾ ਸੱਭਿਆਚਾਰਕ, ਸਮਾਜਿਕ, ਬੌਧਿਕ ਅਤੇ ਭਾਵਨਾਤਮਕ ਵਿਕਾਸ ਵੀ ਜ਼ਰੂਰੀ ਹੈ ਜਿਸ ਵਿਚ ਅਧਿਆਪਕ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ ਇਸੇ ਲਈ ਸੰਯੁਕਤ ਰਾਜ ਅਮਰੀਕਾ ਦੇ 16ਵੇਂ ਰਾਸ਼ਟਰਪਤੀ ਅਬਰਾਹਮ ਲਿੰਕਨ ਵੱਲੋਂ ਆਪਣੇ ਪੁੱਤਰ ਦੇ ਅਧਿਆਪਕ ਨੂੰ ਇਕ ਪੱਤਰ ਲਿਖਿਆ ਗਿਆ ਸੀ ਜਿਸ ਤੋਂ ਮਾਪਿਆਂ ਦੀਆਂ ਉਹਨਾਂ ਦੇ ਬੱਚਿਆਂ ਦੇ ਅਧਿਆਪਕ ਤੋਂ ਲਾਈਆਂ ਉਮੀਦਾਂ ਦਾ ਜ਼ਿਕਰ ਬੜੇ ਭਾਵਪੂਰਤ ਤਰੀਕੇ ਨਾਲ ਕੀਤਾ ਗਿਆ ਹੈ। ਇਹ ਪੱਤਰ ਦਰਸਾਉਂਦਾ ਹੈ ਕਿ ਅਬਰਾਹਮ ਲਿੰਕਨ ਆਪਣੇ ਪੁੱਤਰ ਦੇ ਅਧਿਆਪਕ ਤੋਂ ਉਸ ਨੂੰ ਜ਼ਿੰਦਗੀ ਵਿਚ ਚੰਗਾ, ਸੂਝਵਾਨ ਅਤੇ ਦ੍ਰਿੜ ਇਰਾਦੇ ਵਾਲਾ ਇਨਸਾਨ ਬਣਾਉਣ ਲਈ ਉਸਨੂੰ ਕੀ-ਕੀ ਸਿਖਾਉਣ ਅਤੇ ਸਮਝਾਉਣ ਲਈ ਬੇਨਤੀ ਕਰਦਾ ਹੈ।

3.0 ਇਹ ਪੱਤਰ ਇਕ ਇਤਿਹਾਸਕ ਦਸਤਾਵੇਜ਼ ਹੋਣ ਦੇ ਨਾਲ ਨਾਲ ਅੱਜ ਵੀ ਸਾਰਥਕ ਹੈ ਜਿਸ ਰਾਹੀਂ ਵਿਦਿਆਰਥੀਆਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਇਸ ਪੱਤਰ ਦੀ ਇਬਾਰਤ ਤੋਂ ਵਿੱਦਿਆ ਦਾ ਮਹੱਤਵ ਅਤੇ ਅਧਿਆਪਕ ਦੇ ਅਹੁਦੇ ਦਾ ਸਨਮਾਨ ਸਪੱਸ਼ਟ ਝਲਕਦਾ ਹੈ। ਵਰਤਮਾਨ ਸਮੇਂ ਦੀ ਸਿੱਖਿਆ ਪ੍ਰਣਾਲੀ ਵਿਚ ਇਸ ਪੱਤਰ ਵਿਚ ਦਰਸਾਏ ਗਏ ਵਿਚਾਰਾਂ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ।

4.0 ਉਪਰੋਕਤ ਨੂੰ ਧਿਆਨ ਵਿਚ ਰੱਖਦਿਆਂ ਇਸ ਪੱਤਰ ਦਾ ਪੰਜਾਬੀ ਰੂਪਾਂਤਰ ਅਤੇ ਅੰਗਰੇਜ਼ੀ ਰੂਪ ਆਪ ਨੂੰ ਭੇਜਿਆ ਜਾਂਦਾ ਹੈ। ਇਸ ਪੱਤਰ ਨੂੰ ਸਕੂਲ ਦੀ ਲਾਇਬ੍ਰੇਰੀ ਜਾਂ ਕਿਸੇ ਹੋਰ ਪ੍ਰਮੁੱਖ ਸਥਾਨ 'ਤੇ ਲਿਖਣ ਲਈ ਵਿਚਾਰ ਲਿਆ ਜਾਵੇ ਤਾਂ ਜੋ ਅਧਿਆਪਕ ਅਤੇ ਵਿਦਿਆਰਥੀ ਇਸ ਦੀ ਇਬਾਰਤ ਨੂੰ ਪੜ੍ਹ ਕੇ ਵਿੱਦਿਆ ਦੇ ਮਹੱਤਵ ਅਤੇ ਜ਼ਿੰਦਗੀ ਦੇ ਸਿਧਾਂਤਾਂ ਉੱਤੇ ਅਮਲ ਕਰ ਸਕਣ। ਇਸ ਪੱਤਰ ਦਾ ਪੋਸਟਰ ਆਦਿ ਬਣਾ ਕੇ ਵੀ ਸਕੂਲ ਦੇ ਵੱਖ-ਵੱਖ ਕਮਰਿਆਂ ਵਿਚ ਲਾਉਣ ਲਈ ਵਿਚਾਰਿਆ ਜਾ ਸਕਦਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

# ਆਪਣੇ ਬੇਟੇ ਦੇ ਅਧਿਆਪਕ ਦੇ ਨਾਮ ਅਬਰਾਹਮ ਲਿੰਕਨ ਦਾ ਖਤ

ਸਤਿਕਾਰਯੋਗ ਅਧਿਆਪਕ ਜੀ,

ਮੈਂ ਜਾਣਦਾ ਹਾਂ ਕਿ ਮੇਰੇ ਬੇਟੇ ਨੂੰ ਜਾਣਨਾ ਪਵੇਗਾ ਕਿ
ਸਾਰੇ ਇਨਸਾਨ ਇਮਾਨਦਾਰ ਨਹੀਂ ਹਨ ਅਤੇ
ਨਾ ਹੀ ਸਾਰੇ ਵਿਅਕਤੀ ਸੱਚੇ ਸੁੱਚੇ ਹਨ।

ਪਰ ਉਸ ਨੂੰ ਇਹ ਵੀ ਦੱਸਣਾ
ਕਿ ਜਿੱਥੇ ਇੱਕ ਬਦਮਾਸ਼ ਹੈ,
ਉੱਥੇ ਇੱਕ ਸ਼ਰੀਫ ਇਨਸਾਨ ਵੀ ਹੈ
ਜਿੱਥੇ ਇੱਕ ਖੁਦਗਰਜ਼ ਸਿਆਸਤਦਾਨ ਹੈ
ਉਥੇ ਇੱਕ ਸਿਦਕਵਾਨ ਆਗੂ ਵੀ ਹੈ।

ਉਸ ਨੂੰ ਇਹ ਵੀ ਦੱਸਣਾ
ਕਿ ਜਿੱਥੇ ਇੱਕ ਦੁਸ਼ਮਣ ਹੈ ਉਥੇ ਇੱਕ ਦੋਸਤ ਵੀ ਹੈ।

ਮੈਂ ਜਾਣਦਾ ਹਾਂ, ਇਸ ਲਈ ਵਕਤ ਲੱਗੇਗਾ,
ਸੋ ਜੇ ਹੋ ਸਕੇ, ਤਾਂ ਉਸ ਨੂੰ ਸਮਝਾਉਣਾ
ਕਿ ਕਮਾਏ ਹੋਏ ਇੱਕ ਸਿੱਕੇ ਦੀ ਅਹਿਮੀਅਤ
ਲੱਭੇ ਹੋਏ ਪੰਜ ਸਿੱਕਿਆਂ ਤੋਂ ਕਿਤੇ ਵੱਧ ਹੁੰਦੀ ਹੈ।

ਉਸ ਨੂੰ ਜਿੱਤ ਦੀ ਖ਼ੁਸ਼ੀ ਦਾ ਆਨੰਦ ਮਾਣਨਾ
ਅਤੇ ਹਾਰ ਨੂੰ ਸਵੀਕਾਰਨਾ ਸਿਖਾਉਣਾ।

ਜੇ ਹੋ ਸਕੇ ਤਾਂ
ਉਸ ਨੂੰ ਈਰਖਾ ਤੋਂ ਬਚਾਉਣਾ
ਸ਼ਾਂਤ ਹਾਸਿਆਂ ਦਾ ਰਹੱਸ ਸਮਝਾਉਣਾ
ਉਸ ਨੂੰ ਇਹ ਜਲਦੀ ਸਮਝ ਆ ਲੈਣ ਦੇਣਾ
ਕਿ ਹੈਂਕੜਬਾਜਾਂ ਨੂੰ ਸਬਕ ਸਿਖਾਉਣਾ ਅਸਾਨ ਹੀ ਹੁੰਦਾ ਹੈ।

ਜੇ ਹੋ ਸਕੇ ਤਾਂ ਉਸ ਨੂੰ ਕਿਤਾਬਾਂ ਦੇ
ਅਣਮੁੱਲੇ ਖਜਾਨੇ ਤੋਂ ਜਾਣੂ ਕਰਾਉਣਾ।

ਪਰ ਇਸ ਦੇ ਨਾਲ ਨਾਲ
ਉਸ ਨੂੰ ਅਸਮਾਨ 'ਚ ਉੱਡਦੇ ਪੰਛੀਆਂ
ਧੁੱਪ 'ਚ ਮੰਡਰਾਉਂਦੀਆਂ ਮਧੂ ਮੱਖੀਆਂ
ਅਤੇ ਪਹਾੜਾਂ ਤੇ ਉੱਗੇ ਜੰਗਲੀ ਫੁੱਲਾਂ ਦੀ
ਸਦੀਵੀ ਸੁੰਦਰਤਾ ਦੇ ਰਹੱਸ ਨੂੰ ਸਮਝਣ ਦਾ ਸ਼ਾਂਤ ਸਮਾਂ
ਦੇਣਾ।

ਉਸ ਨੂੰ ਸਿਖਾਉਣਾ
ਕਿ ਸਕੂਲ 'ਚ ਨਕਲ ਮਾਰ ਕੇ ਪਾਸ ਹੋਣ ਨਾਲੋਂ
ਫੇਲ੍ਹ ਹੋਣਾ ਜ਼ਿਆਦਾ ਸਨਮਾਨਯੋਗ ਹੈ।

ਉਸ ਨੂੰ ਸਿੱਖਿਆ ਦੇਣੀ ਕਿ ਆਪਣੇ ਸਹੀ ਵਿਚਾਰਾਂ 'ਤੇ
ਭਰੋਸਾ ਰੱਖੇ
ਭਾਵੇਂ ਸਾਰੇ ਹੀ ਲੋਕ ਉਹਨਾਂ ਨੂੰ ਗਲਤ ਸਮਝਦੇ ਹੋਣ।

ਉਸ ਨੂੰ ਸਾਊ ਵਿਅਕਤੀਆਂ ਨਾਲ ਸਾਊ
ਅੱਖੜਾਂ ਨਾਲ ਅੱਖੜ ਹੋਣਾ ਸਿਖਾਉਣਾ।

ਜਦੋਂ ਹਰੇਕ ਹੀ ਭੇਡ ਚਾਲ ਦਾ ਸ਼ਿਕਾਰ ਹੋ ਰਿਹਾ ਹੈ,
ਤਾਂ ਮੇਰੇ ਪੁੱਤ ਨੂੰ ਅਜਿਹੀ ਤਾਕਤ ਦੇਣ ਦੀ ਕੋਸ਼ਿਸ਼ ਕਰਨਾ
ਕਿ ਉਹ ਭੀੜ ਦਾ ਪਿਛਲੱਗ ਨਾ ਬਣੇ।

ਉਸ ਨੂੰ ਸਮਝਾਉਣਾ ਕਿ ਸੁਣੇ ਸਭ ਦੀ,
ਪਰ ਮੰਨੇ ਸੱਚ ਦੀ ਕਸਵੱਟੀ 'ਤੇ ਪਰਖ ਕੇ ਹੀ।

ਹੋ ਸਕੇ ਤਾਂ
ਉਸ ਨੂੰ ਉਦਾਸ ਪਲਾਂ ਵਿਚ ਵੀ ਹੱਸਣਾ ਸਿਖਾਉਣਾ,
ਸਮਝਾਉਣਾ ਕਿ ਹੰਝੂ ਕੇਰਨ 'ਚ ਕੋਈ ਸ਼ਰਮ ਨਹੀਂ ਹੁੰਦੀ।
ਉਸ ਨੂੰ ਸਨਕੀਆਂ ਦਾ ਮਜ਼ਾਕ ਉਡਾਉਣਾ ਵੀ ਸਿਖਾਉਣਾ
ਅਤੇ ਮੀਆਂ ਮਿੱਠੂ ਹੋਣ ਤੋਂ ਵਰਜ ਕੇ ਰੱਖਣਾ।

ਉਸ ਨੂੰ ਸਮਝਾਉਣਾ ਕਿ
ਆਪਣੀ ਮਿਹਨਤ ਤੇ ਲਿਆਕਤ ਦੀ ਵੱਧ ਤੋਂ ਵੱਧ ਕੀਮਤ
ਵਸੂਲੇ,
ਪਰ ਆਪਣੇ ਜਜ਼ਬਿਆਂ ਤੇ ਆਤਮਾ ਦਾ ਸੌਦਾ ਕਦੇ ਨਾ
ਕਰੇ।

ਸਮਝਾਉਣਾ ਕਿ
ਲੋਕਾਂ ਦੇ ਵਿਰੋਧ ਤੋਂ ਡਰੇ ਬਿਨਾਂ
ਆਪਣੀ ਸਹੀ ਸੋਚ 'ਤੇ ਡਟ ਕੇ ਪਹਿਰਾ ਦੇਵੇ।

ਉਸ ਨਾਲ ਹਲੀਮੀ ਭਰਿਆ ਸਲੂਕ ਤਾਂ ਕਰਨਾ
ਪਰ ਉਸ ਨੂੰ ਲਾਡ ਨਾਲ ਵਿਗਾੜਨਾ ਨਹੀਂ ਕਿਉਂਕਿ
ਕੁਠਾਲੀ ਦੇ ਸੇਕ 'ਚ ਢਲ ਕੇ ਹੀ ਸੋਨਾ ਕੁੰਦਨ ਬਣਦਾ ਹੈ।

ਉਸਨੂੰ ਵੰਗਾਰਾਂ ਕਬੂਲਣ ਲਈ ਬੇਸਬਰ ਹੋਣ ਦੇਣਾ
ਅਤੇ ਦਲੇਰ ਬਣਨ ਲਈ ਸਬਰ ਰੱਖਣਾ ਸਿਖਾਉਣਾ।

ਉਸ ਨੂੰ ਖੁਦ ਤੇ ਰੱਬ ਵਰਗਾ ਭਰੋਸਾ ਰੱਖਣਾ ਸਿਖਾਉਣਾ
ਤਾਂ ਜੋ ਉਹ ਮਨੁੱਖਤਾ ਵਿੱਚ ਅਡੋਲ ਵਿਸ਼ਵਾਸ ਕਰ ਸਕੇ।

ਇਹ ਬਹੁਤ ਵੱਡਾ ਕਾਰਜ ਹੈ
ਦੇਖੋ ਇਸ ਲਈ ਤੁਸੀਂ ਕੀ ਕਰ ਸਕਦੇ ਹੋ
ਬੜਾ ਨਾਜ਼ੁਕ ਤੇ ਮਾਸੂਮ ਹੈ ਮੇਰਾ ਪੁੱਤਰ।

ਅਬਰਾਹਮ ਲਿੰਕਨ
(1861 ਤੋਂ 1865 ਤੱਕ ਅਮਰੀਕਾ ਦਾ ਰਾਸ਼ਟਰਪਤੀ)

**Abraham Lincoln's Letter to his Son's teacher**

**My Dear Teacher**

My son will have to learn, I know,
that all men are not just, all men are not true,

but, teach him also that for every scoundrel there is a hero;
that for every selfish politician, there is a dedicated leader...
Teach him that for every enemy there is a friend.

It will take time, I know, but teach him, if you can,
that a dollar earned is of far more value than five found...

Teach him to learn to lose...and also to enjoy winning.
Steer him away from envy, if you can.
Teach him the secret of quiet laughter.

Let him learn early that the bullies are the easiest to lick...

Teach him, if you can, the wonder of a book...
but also give him quiet time to ponder the
eternal mystery of birds in the sky, bees in the sun,
and flowers on a green hillside.

In school, teach him it is far more honourable to fail than to cheat...

Teach him to have faith in his own ideas,
even if everyone tells him they are wrong...

Teach him to be gentle with gentle people, and tough with the tough.

Try to give my son the strength not to follow the crowd
when everyone is getting on the bandwagon...

Teach him to listen to all men...
but teach him also to filter all he hears on a screen of truth,
and take only the good that comes through.

Teach him, if you can, how to laugh when he is sad...
Teach him there is no shame in tears.

Teach him to scoff at cynics and to beware of too much sweetness...

Teach him to sell his brawn and brain to the highest bidders,
but never to put a price tag on his heart and soul.

Teach him to close his ears to a howling mob...
and to stand and fight if he thinks he is right.

Treat him gently, but do not coddle him,
because only the test of fire makes fine steel.

Let him have the courage to be impatient...
let him have the patience to be brave.

Teach him always to have sublime faith in himself,
because then he will always have sublime faith in mankind.

This is a big order,
but see what you can do...
He is such a fine little fellow, my son!

**Abrahim Lincoln**
**(President of USA from 1861 to 1865)**